# ਸ਼ੇਖ ਫ਼ਰੀਦ - ਸਬਦ ੧੦੯

## ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੩

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥

**ਸਾਰ:** ਉਹ ਮਨ ਜੋ ਸਵੈ-ਚਿੰਤਨ ਨੂੰ ਨਜ਼ਰਅੰਦਾਜ਼ ਕਰਦਾ ਹੈ, ਰੂਹਾਨੀ ਪਤਨ ਦੇ ਸ਼ਿਕਾਰ ਹੋਣ ਦਾ ਜੋਖਮ ਲੈਂਦਾ ਹੈ, ਉਹ ਸੱਚੀ ਜਾਗਰੂਕਤਾ ਤੋਂ ਬਿਨਾਂ ਜੀਵਨ ਬਤੀਤ ਕਰਦਾ ਹੈ। ਇਹ ਵਿਚਾਰਾਂ ਅਤੇ ਗਤੀਵਿਧੀਆਂ ਵਿਚ ਰੁੱਝਿਆ ਹੋਇਆ ਆਪਣੇ ਅਸਲ ਸਵੈ ਤੋਂ ਵੱਖ ਰਹਿੰਦਾ ਹੈ। ਚਿੰਤਨ ਤੋਂ ਬਿਨਾਂ, ਅਨੁਭਵ, ਸੂਝ ਤੋਂ ਸੱਖਣੇ ਰਹਿ ਜਾਂਦੇ ਹਨ, ਜਿਸ ਨਾਲ ਜੀਵਨ ਵਿਚ ਅਰਥ ਭਰਪੂਰਤਾ ਦੀ ਕਮੀ ਰਹਿ ਜਾਂਦੀ ਹੈ। ਅੰਤਹਕਰਣ ਅੰਦਰ ਸਪਸ਼ਟਤਾ ਅਤੇ ਸਹਿਜ ਬਣਾਈ ਰੱਖਣ ਲਈ ਸਵੈ-ਚਿੰਤਨ ਬਹੁਤ ਜ਼ਰੂਰੀ ਹੈ; ਇਸਦੇ ਬਿਨਾਂ, ਮਨ ਵਿਚ ਰੂਹਾਨੀ ਖੜੋਤ ਆ ਜਾਂਦੀ ਹੈ, ਇਹ ਕਿਰਿਆਸ਼ੀਲ ਹੁੰਦਾ ਹੋਇਆ ਵੀ ਸੂਝਹੀਣ ਹੋ ਜਾਂਦਾ ਹੈ। ਸਵੈ-ਚਿੰਤਨ ਨੂੰ ਕਲਾਵੇ ਵਿਚ ਲੈ ਅਸੀਂ ਜੀਵਨ ਦੀ ਅਸਲ ਅਮੀਰੀਅਤ ਦਾ ਅਨੁਭਵ ਕਰ ਸਕਦੇ ਹਾਂ।

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਫਰੀਦ ਕਹਿੰਦੇ ਹਨ ਕਿ ਜੇਕਰ ਤੁਸੀਂ ਰਾਤ ਦੇ ਪਿਛਲੇ ਪਹਿਰ ਅੰਦਰ ਨਹੀਂ ਜਾਗਦੇ, ਤਾਂ ਤੁਸੀਂ ਜਿਉਂਦੇ ਹੋਏ ਵੀ ਮਰਿਆਂ ਬਰਾਬਰ ਹੋ। ਇਸ ਰੂਹਾਨੀ ਪਤਨ ਦਾ ਭਾਵ ਹੈ ਕਿ ਸਰੀਰ ਕਿਰਿਆਸ਼ੀਲ ਹੋਣ ਦੇ ਬਾਵਜੂਦ ਵੀ ਆਤਮਾ ਮਦਹੋਸ਼ ਹੈ, ਜੋ ਹੋਂਦ ਦੇ ਤੱਤਸਾਰ ਦਾ ਅਹਿਸਾਸ ਨਹੀਂ ਕਰਦੀ।

ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥
ਭਾਵੇਂ ਤੁਸੀਂ ਸਰਬ-ਵਿਆਪੀ ਸਤਾ ਦੀ ਹਾਜ਼ਰਤਾ ਨੂੰ ਵਿਸਾਰ ਚੁੱਕੇ ਹੋ, ਪਰ ਵਿਸ਼ਵਵਿਆਪੀ ਹਕੀਕਤ ਨੇ ਤੁਹਾਨੂੰ ਨਹੀਂ ਵਿਸਾਰਿਆ। ਇਹ ਭਾਵ ਕੁਦਰਤ ਦੇ ਸਥਾਈ ਨਿਯਮ ਨੂੰ ਦਰਸਾਉਂਦਾ ਹੈ, ਜੋ ਉਦੋਂ ਵੀ ਸਥਿਰ ਰਹਿੰਦਾ ਹੈ ਜਦੋਂ ਮਨ ਦਵੈਤ ਵਿੱਚ ਡੁੱਬ ਜਾਂਦਾ ਹੈ। (੧੦੭)

**ਤੱਤ:** ਸ਼ੇਖ ਫ਼ਰੀਦ ਰਾਤ ਦੇ ਆਖਰੀ ਪਹਿਰ ਦੇ ਦ੍ਰਿਸ਼ਟਾਂਤ ਦੀ ਵਰਤੋਂ ਦੁਰਲੱਭ ਅਵਸਰ ਦੇ ਤੌਰ 'ਤੇ ਕਰਦੇ ਹਨ ਜਦੋਂ ਜੀਵਨ ਗੰਭੀਰ ਸੂਝ ਪ੍ਰਾਪਤ ਕਰਨ ਲਈ ਜਾਗਦਾ ਹੈ। ਭੁੱਲਣਾ ਮਨ ਦਾ ਸਹਿਜ ਵਰਤਾਰਾ ਹੈ,

ਪਰ ਹਕੀਕਤ ਦੇ ਤੱਤਸਾਰ ਵਿਚ ਇਹ ਉਕਾਈ ਬਿਲਕੁਲ ਨਹੀਂ ਹੁੰਦੀ। ਇਸਦਾ ਅਰਥ ਹੈ ਕਿ ਹੋਂਦ ਦਾ ਬੁਨਿਆਦੀ ਕ੍ਰਮ ਸਦਾ ਹਾਜ਼ਰ ਰਹਿੰਦਾ ਹੈ, ਭਾਵੇਂ ਇਹ ਸਾਡੀ ਯਾਦ ਵਿਚੋਂ ਅਲੋਪ ਹੋ ਜਾਵੇ। ਭਾਵੇਂ ਸਾਡੀ ਜਾਗਰੂਕਤਾ ਦਵੈਤ ਵਿਚ ਫਸ ਵਿਸ਼ਾਲ ਸਮੁੱਚਤਾ ਤੋਂ ਵੱਖ ਮਹਿਸੂਸ ਕਰੇ ਪਰ ਉਹ ਕੁਦਰਤ ਦੇ ਅਟੱਲ ਨਿਯਮਾਂ ਨੂੰ ਉਜਾਗਰ ਕਰਦੇ ਹਨ, ਜੋ ਸਥਿਰ ਅਤੇ ਅਟੱਲ ਰਹਿੰਦੇ ਹਨ,

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**